
ਵਿਸ਼ੇਸ਼ ਅੰਕ

# ਸਰੋਕਾਰਾਂ ਦੀ ਆਵਾਜ਼

## ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ



ਆਜ਼ਾਦੀ ਸਾਡੀ ਵਿਰਾਸਤ ਹੈ,
ਸਮਾਜਵਾਦ ਲਈ ਸੰਘਰਸ਼ ਸਾਡੀ ਸਿਆਸਤ ਹੈ
ਕ੍ਰਾਂਤੀ ਸਾਡੀ ਇਬਾਦਤ ਹੈ


- ਗੁਰਸ਼ਰਨ ਸਿੰਘ

# ਗੁਰਸ਼ਰਨ ਭਾਅ ਜੀ ਦੀਆਂ ਇਤਿਹਾਸਕ ਪੈੜਾਂ ਦਾ ਸਫ਼ਰ

**ਕੰਵਲਜੀਤ ਖੰਨਾ**

ਗੁਰਸ਼ਰਨ ਸਿੰਘ ਨਾਟਕਕਾਰ ਦਾ ਵਿਛੋੜਾ ਪੰਜਾਬ ਤੇ ਦੇਸ਼ ਦੁਨੀਆਂ ਦੀ ਕਮਿਉਨਿਸਟ ਲਹਿਰ ਲਈ ਹੀ ਨਹੀ ਸਗੋਂ ਦੇਸ਼ ਦੀ ਪ੍ਰਗਤੀਸੀਲ, ਦੇਸ਼ ਭਗਤ ਤੇ ਜਮਹੂਰੀ ਲਹਿਰ ਲਈ ਵੱਡਾ ਘਾਟਾ ਹੈ। ਸੂਬੇ ਦੇ ਸਮੂਹ ਇਨਕਲਾਬੀਆਂ ਲਈ ਗੁਰਸ਼ਰਨ ਸਿੰਘ ਇੱਕ ਅਜਿਹੀ ਛਤਰੀ ਸਨ ਜਿਸ ਦੀ ਛਾਂ ਤੇ ਆਸਰਾ ਹਾਸਲ ਕਰਨ ਲਈ ਹਰ ਕੋਈ ਉਤਾਵਲਾ ਰਹਿੰਦਾ ਸੀ।ਗੁਰਸ਼ਰਨ ਸਿੰਘ ਨੇ ਲਗਭਗ ਅੱਧੀ ਸਦੀ ਤੋਂ ਵੱਧ ਸਮਾਂ ਆਪਣੇ 113 ਨਾਟਕਾਂ ’ਤੇ 8230 ਦੇ ਕਰੀਬ ਨਾਟਕ ਪੇਸ਼ਕਾਰੀਆਂ ਨਾਲ ਪੰਜਾਬ ਤੇ ਪੰਜਾਬੋਂ ਬਾਹਰ ਵੀ ਆਮ ਜਨਸਾਧਾਰਣ ਦੇ ਦੁੱਖਾਂ ਦਰਦਾਂ ਨੂੰ ਜ਼ੁਬਾਨ ਦੇ ਕੇ ਗੁੰਗਾਪਨ ਖਤਮ ਕਰਨ ਦਾ ਜੋ ਇਤਿਹਾਸਕ ਕਾਰਜ ਕੀਤਾ ਹੈ, ਉਸ ਦਾ ਅਸਰ ਪੰਜਾਬ ਭਰ ਚ ਵੇਗ ਫੜ ਰਹੀ ਕਿਰਤੀ ਜਮਾਤ ਤੇ ਸਪਸ਼ਟ ਰੂਪ ’ਚ ਦੇਖਿਆ ਜਾ ਸਕਦਾ ਹੈ। 16 ਸਤੰਬਰ 1929 ਨੂੰ ਜਨਮੇ ਗੁਰਸ਼ਰਨ ਸਿੰਘ ਦਾ ਪਰਿਵਾਰ ਇੱਕ ਖਾਂਦਾਂ ਪੀਦਾ ਰਈਸ ਪਰਿਵਾਰ ਸੀ।ਅੰਗਰੇਜ਼ ਰਾਜ ਸਮੇਂ ਅੰਗਰੇਜ਼ੀ ਸਭਿਆਤਾ ਦੇ ਮੁਰੀਦ ਪਰਿਵਾਰ ’ਚ ਸਿੱਖੀ ਸੰਕਲਪ ਤਾਂ ਸਨ ਪਰ ਤੰਗਨਜ਼ਰੀਏ ਵਾਲੇ ਕੱਟੜ ਨਹੀਂ ਸਨ। ਖੁੱਲੇ ਡੁੱਲ੍ਹੇ ਵਿਚਾਰਾਂ ਵਾਲੇ ਵੱਡੇ ਭਰਾ ਅਤੇ ਪਿਤਾ ਡਾ. ਗਿਆਨ ਸਿੰਘ ਦੀ ਦੇਖ ਰੇਖ ਹੇਠ ਜਵਾਨ ਹੋਏ ਗੁਰਸ਼ਰਨ ਸਿੰਘ ਦੇ ਵਿਚਾਰਾ ’ਚ ਵੱਡੀ ਤਬਦੀਲੀ ਭਾਖੜਾ ਡੈਮ ’ਤੇ ਸੀਮੇਂਟ ਤਕਨਾਲੋਜੀ ਇੰਜੀਨੀਅਰ ਵਜੋਂ ਕੰਮ ਕਰਦਿਆਂ ਆਈ। ਬਚਪਨ ਦੇ ਦਿਨਾਂ ’ਚ ਪਾਕਿਸਤਾਨ (ਹੁਣ ਦੇ ਮੁਲਤਾਨ ਸਹਿਰ ’ਚ) ਪੜ੍ਹਦਿਆਂ ਉਨ੍ਹਾਂ ਦੇ ਬਾਲ ਮਨ ਤੇ ਹਿੰਦੂ ਸਿੱਖਾਂ ਅਤੇ ਮੁਸਲਮਾਨਾ ’ਚ ਹਾਕਮਾਂ ਵੱਲੋਂ ਆਪਣਾ ਮਤਲਬ ਸਿੱਧ ਕਰਨ ਲਈ ਪਾਏ ਫਿਰਕੂ ਪਾੜੇ ਅਤੇ ਕਤਲੋਗਾਰਤ ਨੂੰ ਉਨਾਂ ਬੜਾ ਨੇੜਿਓਂ ਵੇਖਿਆ ਸੀ।ਜਵਾਨੀ ’ਚ ਕਦਮ ਧਰਦਿਆਂ ਭਾਅ ਜੀ ਗੁਰਸ਼ਰਨ ਸਿੰਘ ਨੂੰ ਕਮਿਉਨਿਸਟ ਪਾਰਟੀ ਦੀ ਅਗਵਾਈ ਚ ਚਲਦੀ “ਇਪਟਾ” ਦੀ ਲਹਿਰ ਨੇ ਆਜਾਦੀ ਤੋਂ ਬਾਅਦ ਦੇ ਸਮੇਂ ’ਚ ਕਾਫੀ ਪ੍ਰਭਾਵਿਤ ਕੀਤਾ ਪਰ ਜਦੋਂ ਇਪਟਾ ਅਮਨ ਲਹਿਰ ਤੋਂ ਸਿੱਧਾ ਸਰਕਾਰੀ ਗੁਣਗਾਣ ਵੱਲ ਵੱਧਣ ਲੱਗੀ ਤਾਂ ਉਹ ਇਪਟਾ ਦੇ ਲਹਾਅ ਦਾ ਦੌਰ ਸੀ। ਭਾਅ ਜੀ ਗੁਰਸ਼ਰਨ ਸਿੰਘ ਨੇ ਪੰਜਾਬ ਦੀਆ ਲਗਭਗ ਸਾਰੀਆਂ ਸਟੇਜਾਂ ’ਤੇ ਇਹ ਐਲਾਨ ਆਪਣੇ ਨਾਟਕਾਂ ਦੇ ਸ਼ੁਰੂ ’ਚ ਦਿੱਤੇ ਭਾਸ਼ਣਾ ’ਚ ਕੀਤਾ ਹੈ ਕਿ ਉਹ ਆਪਣੇ ਸ਼ੁਰੂਆਤੀ ਦੌਰ ’ਚ ਕਮਿਉਨਿਸਟ ਪਾਰਟੀ ਦੇ ਕਾਰਡ ਹੋਲਡਰ ਮੈਂਬਰ ਬਣੇ।ਇਕ ਸਮਾਂ ਸੀ ਜਦੋ ਉਨਾਂ ਦੇ ਵੱਡੇ ਭਰਾ ਇੰਦਰਜੀਤ ਸਿੰਘ ਵੀ ਪਾਰਟੀ ਦੇ ਕੁਲਵਕਤੀ ਬਣੇ ਪਰ ਭਾਅ ਜੀ ਨੇ ਆਪਣੀ ਸਵੈਜੀਵਨੀ ’ਚ ਦਰਜ ਕੀਤਾ ਹੈ ਕਿ ਉਸ ਸਮੇ ਬੀ ਟੀ ਰੰਧੀਵੇ ਦੀ ਸਖਤ ਲਾਈਨ ਆਉਣ ਕਾਰਨ ਉਹ ਇਸ ਕਾਰਜ ਨੂੰ ਛੱਡ ਲਾਂਭੇ ਹੋ ਗਏ ਸਨ।15 ਅਗਸਤ 47 ਨੂੰ ਆਈ ਅਜਾਦੀ ਬਾਰੇ ਵੀ ਭਾਅ ਜੀ ਗੁਰਸ਼ਰਨ ਸਿੰਘ ਦਾ ਹੋਰਨਾਂ ਅਨੇਕਾਂ ਦੇਸ਼ਵਾਸੀਆਂ ਵਾਂਗ ਭਰਮ ਜਲਦ ਹੀ ਟੁੱਟ ਗਿਆ ਸੀ। ਉਹ ਲਿਖਦੇ ਹਨ ਕਿ ਮੈ ਐਲਾਨੀਆ ਕਮਿਉਨਿਸਟ ਸਾਂ।ਇਪਟਾ ਦੀ ਦਿੱਲੀ ਚਾਰ ਰੋਜਾ ਕੌਮੀ ਕਾਨਫਰੰਸ ’ਚ ਹਿੱਸਾ ਲੈ ਆਇਆ ਸਾਂ।ਪਰ ਉਦੋਂ ਤੱਕ ਕਮਿਉਨਿਸਟ ਪਾਰਟੀ ਸੱਤਾ ਨਾਲ ਟਕਰਾਅ ਦਾ ਰਸਤਾ ਛੱਡਕੇ ਮੇਲ ਮਿਲਾਪ ਦੀ ਲਾਈਨ ’ਤੇ ਚੱਲ ਪਈ ਸੀ। ਤਿਲੰਗਾਨਾ ਅੰਦੋਲਨ ਜਿਹੇ ਜਰਈ ਸੰਘਰਸ਼ਾਂ ਨੂੰ ਵਿਚਾਲੇ ਡੋਬਾ ਦੇ ਕੇ, ਖੁਸਹਸੈਅਤੀ ਟੈਕਸਾਂ ਖਿਲਾਫ ਬੇਖੋਫ ਕੁਰਬਾਨੀਆ ਦਾ ਰਾਹ ਛੱਡਕੇ ਕਮਿਉਨਿਸਟ ਪਾਰਟੀ ਰੂਸੀ ਕਪਿਉਨਿਸਟ ਪਾਰਟੀ ਦੀ ਤਿੰਨ ਪੁਰਅਮਨਾਂ ਦੀ ਲਾਈਨ ਨੂੰ ਆਪਣਾ ਚੁੱਕੀ ਸੀ।

ਨੰਗਲ ਭਾਖੜਾ ਡੈਮ ਤੇ ਨੌਕਰੀ ਕਰਦਿਆਂ ਭਾਅ ਜੀ ਗੁਰਸ਼ਰਨ ਸਿੰਘ ਹੋਰਨਾਂ ਭਾਰਤੀਆ ਵਾਂਗ ਦੇਸ਼ ਦੇ ਵਿਕਾਸ ਲਈ ਸਮਰਪਤ ਸਨ। ਪੂਰੇ ਦੇਸ਼ ਅੰਦਰ ਆਜ਼ਾਦੀ ਦਾ ਉਤਸ਼ਾਹ ਹੌਲੀ ਹੌਲੀ ਮੱਠਾ ਪੈ ਰਿਹਾ ਸੀ।ਉਸ ਸਮੇ ਦੇਸ਼ ਦੇ ਗ੍ਰਹਿਮੰਤਰੀ ਸਰਦਾਰ ਪਟੇਲ ਦੀਆਂ ਕੂਟਚਾਲਾਂ ਨੇ ਕਸਮੀਰੀ ਲੋਕਾਂ ਦੀ ਆਜਾਦੀ ਦੀ ਇੱਛਾ ਨਾਲ ਜਿਹੜਾ ਧਰੋਹ ਕਮਾਇਆ ਤਾ ਭਾਅ ਜੀ ਦਾ ਸਭ ਤੋ ਪਹਿਲਾ ਨਾਟਕ ਸੀ “ਦੀਵਾ ਬੁੱਝ ਗਿਆ”।ਕਸ਼ਮੀਰੀ ਲੋਕਾਂ ਲਈ ਇਹ ਆਜ਼ਾਦੀ ਇੱਕ ਫਰੇਬ ਹੈ, ਧੋਖਾ ਹੈ ਤਾਂ ਸਹਿਰ ਲੁਧਿਆਣਾ ਵੀ ਨੇ ਲਿਖਿਆ “ਵੋ ਸੁਬਹ ਕਭੀ ਤੋ ਆਏਗੀ।” ਨੰਗਲ ਵਿਖੇ ਡੈਮ ਦਾ ਨਿਰਮਾਣ ਕਰਦਿਆਂ ਅਤੇ ਸਭਿਆਚਾਰਕ ਸਰਗਰਮੀਆਂ ਕਰਦਿਆਂ ਗੁਰਸ਼ਰਨ ਸਿੰਘ ਹੋਰਾਂ ਦੀ ਨੇੜਤਾ ਕਮਿਉਨਿਸਟ ਆਗੂਆਂ ਭਾਗ ਸਿੰਘ ਸੱਜਣ, ਚੰਨਣ ਸਿੰਘ ਧੂਤ, ਰਾਮ ਪ੍ਰਕਾਸ ਭੜੋਲੀ ਵਰਗਿਆਂ ਨਾਲ ਰਹੀ। ਤੇ ਜਦੋਂ ਭਾਅ ਜੀ ਨੰਗਲ ਤੋਂ ਅਮ੍ਰਿਤਸਰ ਆਏ ਉਸ ਸਮੇਂ ਤੱਕ ਸੀ. ਪੀ. ਆਈ, ਸੀ. ਪੀ. ਐਮ ਆਪਸੀ ਸਿਆਸੀ ਮਤਭੇਦਾਂ ਕਾਰਣ ਅੱਡ ਅੱਡ ਬਣ ਚੁੱਕੀਆਂ ਸਨ। ਸੀ. ਪੀ. ਐਮ. ਲਈ ਕਾਂਗਰਸ ਪਾਰਟੀ ਕੌਮੀ ਸਰਮਾਏਦਾਰੀ ਦੀ ਨੁਮਾਇੰਦਾ ਪਾਰਟੀ ਸੀ ਤਾਂ ਸੀ. ਪੀ. ਐਮ ਲਈ ਉਸ ਸਮੇਂ ਦੇਸ਼ ਦੀ ਹਕੂਮਤ ਦਾ ਕਿਰਦਾਰ ਸਾਮਰਾਜ ਨਾਲ ਗੱਠਜੋੜ ਕਰਕੇ ਚੱਲਣ ਵਾਲਾ ਸੀ।ਅੰਮ੍ਰਿਤਸਰ ਪੁਤਲੀਘਰ ਆਪਣੇ ਨਿਵਾਸ ਸਥਾਨ ਨੂੰ ਆਪਣੀਆਂ ਸਭਿਆਚਾਰਕ ਸਰਗਰਮੀਆਂ ਦਾ ਕੇਂਦਰ ਬਣਾਉਦਿਆਂ ਭਾਅ ਜੀ ਸੋਹਣ ਸਿੰਘ ਜੋਸ਼, ਸਤਪਾਲ ਡਾਂਗ ਜਿਹੇ ਲੀਡਰਾਂ ਦੇ ਸੰਪਰਕ ’ਚ ਰਹੇ। ਛੇਹਰਟਾ, ਵੇਰਕਾ, ਅੰਮ੍ਰਿਤਸਰ ਵਿਖੇ ਮਜਦੂਰ ਅੰਦੋਲਨਾਂ ’ਚ ਸਿੱਧਿਆਂ ਵੀ ਤੇ ਆਪਣੀਆਂ ਕਲਾ ਸਰਗਰਮੀਆਂ ਰਾਹੀ ਮੋਹਰੀ ਰੋਲ ਅਦਾ ਕੀਤਾ। ਗਾਂਧੀ ਗਰਾਂਉਡ ’ਚ ਅਨੇਕਾਂ ਕਲਸਿਕ ਨਾਟਕ ਗੁਰਸ਼ਰਨ ਸਿੰਘ ਹੀ ਖੇਡ ਸਕਦਾ ਸੀ।ਪ੍ਰਸਿੱਧ ਨਾਟਕਕਾਰ ਆਤਮਜੀਤ ਮੁਤਾਬਿਕ ਉਨ੍ਹਾਂ ਦੇ ਵਿਸਵਾਸ਼ ਦਾ ਸਭ ਤੋਂ ਵੱਡਾ ਇਮਤਿਹਾਨ ਐਮਰਜੈਂਸੀ ਦੇ ਦਿਨਾਂ ਵਿੱਚ ਹੋਇਆ। ਨਜਮ ਹੁਸੈਨ ਸਯੱਦ ਦਾ ਨਾਟਕ “ਤਖਤ ਲਾਹੌਰ” ਅਤੇ ਮੇਜਰ ਇਸਹਾਕ ਮਹੁੰਮਦ ਦਾ ਨਾਟਕ ‘ਕੁਕੁਨਸ’ ਗਾਂਧੀ ਗਰਾਉਡ ਵਿੱਚ ਖੇਡੇ ਗਏ। ਜਿਵੇਂ ਇਹਨਾਂ ਨਾਟਕਾਂ ਵਿੱਚ ਦੁੱਲਾ ਸਥਾਪਤੀ ਨਾਲ ਟੱਕਰ ਲੈਂਦਾ ਹੈ ਗੁਰਸ਼ਰਨ ਸਿੰਘ ਆਪਣੇ ਸਮੇ ਦੀ ਸਥਾਪਤੀ ਨਾਲ ਟਕਰਾ ਰਿਹਾ ਸੀ। ਸਮੇਂ ਦੀ ਸਰਕਾਰ ਉਸ ਤੋਂ ਦੁੱਖੀ ਸੀ ਪਰ ਗੁਰਸ਼ਰਨ ਸਿੰਘ ਆਪਣੇ ਵਿਚਾਰਾਂ ਦੀ ਦ੍ਰਿੜਤਾ ਤੋਂ ਨਹੀਂ ਡੋਲਿਆ ਸੀ।ਉਸ ਸਮੇਂ ਐਮਰਜੈਂਸੀ ਦੌਰਾਨ ਉਨ੍ਹਾਂ ਦੇ ਨਾਟਕਾਂ ਕਾਰਣ ਉਨ੍ਹਾਂ ਨੂੰ ਗਿਫਤਾਰ ਵੀ ਕੀਤਾ ਗਿਆ। ਪਰ ਐਮਰਜੈਂਸੀ ਦੇ ਕਾਲੇ ਦੌਰ ’ਚ ਜਦੋ ਸੀ. ਪੀ. ਆਈ ਕਾਂਗਰਸ ਨਾਲ ਇੱਕਮਿੱਕ ਹੋਈ ਵੀਹ ਨੁਕਾਤੀ ਪ੍ਰੋਗਰਾਮ ਦਾ ਗੁਣਗਾਣ ਕਰ ਰਹੀ ਸੀ ਤਾਂ ਉਸ ਹਨੇਰੀ ’ਚ ਗੁਰਸ਼ਰਨ ਸਿੰਘ “ਬੰਦ ਕਮਰੇ” “ਕਿਵ ਕੁੜਿ ਤੁਟਿ ਪਾਲਿ” “ਨਿਉਟਿਆ ਦੀ ਉਟ” “ਜਿਨ੍ਹ ਸੱਚਿ ਪੱਲਿ ਹੋਇ”, “ਚਾਂਦਨੀ ਚੌਕ ਤੋਂ ਸਰਹੰਦ ਤੱਕ” ਗੁਰੂ ਤੇਗ ਬਹਾਦਰ ਸ਼ਤਾਬਦੀ ਸਮਾਗਮ ਰਚਾ ਪਿੰਡਾ, ਸੱਥਾਂ, ਵਿਹੜਿਆ ਕਸਬਿਆਂ ’ਚ ਜਬਾਨਬੰਦੀ ਦੇ ਔਰੰਗਜੇਬੀ ਕਹਿਰ ਖਿਲਾਫ ਲੋਕਾਂ ਦੀ ਜੁਬਾਨ ਬਣ ਰਿਹਾ ਸੀ।



ਗੁਰਸ਼ਰਨ ਸਿੰਘ ਲੋਕਾਂ ਦੇ ਦੁੱਖਾਂ-ਤਕਲੀਫ਼ਾਂ ਨੂੰ ਆਪਣਾ ਦਰਦ ਸਮਝਦਾ ਸੀ। ਉਨ੍ਹਾਂ ਦਰਦਾਂ ਨੂੰ ਆਪਣੇ ਨਾਟਕਾਂ ਅਤੇ ਲੇਖਣੀ ਰਾਹੀਂ ਲੋਕਾਂ ਦੇ ਸਨਮੁਖ ਇਕ ਪ੍ਰਤੀਬੱਧ ਕ੍ਰਾਂਤੀਕਾਰੀ ਦੇ ਤੌਰ 'ਤੇ ਪੇਸ਼ ਕਰਦਾ ਸੀ। ਉਨ੍ਹਾਂ ਨੂੰ ਅਹਿਸਾਸ ਸੀ ਕਿ ਧਰਤੀ ਦੇ ਜਿਸ ਕੋਨੇ 'ਤੇ ਵੀ ਲੋਕਾਂ ਨਾਲ ਜ਼ਿਆਦਤੀ ਹੁੰਦੀ ਹੈ ਉਸ ਖਿਲਾਫ਼ ਆਵਾਜ਼ ਤੇ ਕਲਮ ਉਠਾਉਣਾ ਸਾਡਾ ਇਤਿਹਾਸਕ ਫਰਜ਼ ਹੈ। ਇਸ ਇਤਿਹਾਸਕ ਫਰਜ਼ ਦੀ ਮਿਸਾਲੀ ਸ਼ਖਸੀਅਤ ਗੁਰਸ਼ਰਨ ਸਿੰਘ ਸਾਡੇ ਸਾਰਿਆਂ ਲਈ ਰਾਹ ਦਰਸਾਵਾ ਬਣੇ ਹੋਏ ਸਨ ਅਤੇ ਬਣੇ ਰਹਿਣਗੇ।



**ਪ੍ਰਸਿੱਧ ਲੇਖਕ ਅਰੁੰਧਤੀ ਰਾਏ**

ਗੁਰਸ਼ਰਨ ਸਿੰਘ ਸਾਰੀ ਉਮਰ ਕਿਸੇ ਖਾਸ ਕਮਿਉਨਿਸਟ ਪਾਰਟੀ ਜਾਂ ਗਰੁੱਪ ਦਾ ਮੈਂਬਰ ਨਹੀਂ ਬਣਿਆ, ਪਰ 1967 ਦੀ ਨਕਸਲ ਬਾੜੀ ਲਹਿਰ ਨੇ ਉਸ ਦੇ ਰਾਜਸੀ ਵਿਚਾਰਾਂ 'ਚ ਸਿਫਤੀ ਤਬਦੀਲੀ ਲਿਆਂਦੀ ਹੈ। ਉਹ ਸੀ. ਪੀ. ਆਈ. ਸੀ. ਪੀ. ਐਮ ਦੇ ਪੁਰਾਣੇ ਆਗੂਆਂ ਤੋਂ, ਉਨ੍ਹਾਂ ਦੀ ਜੀਵਨ ਜਾਚ ਤੋਂ ਸਾਦਗੀ ਤੋਂ ਤਾਂ ਅੰਤ ਤੱਕ ਪ੍ਰਭਾਵਿਤ ਰਹੇ ਪਰ ਉਹਨਾਂ ਦੇ ਰਾਜਨੀਤਕ ਵਿਕਾਸ ਨੇ ਉਨ੍ਹਾਂ ਨੂੰ ਇਹ ਕਹਿਣ ਤੇ ਪ੍ਰਚਾਰਨ ਲਈ ਮਜਬੂਰ ਕਰ ਦਿੱਤਾ ਸੀ ਕਿ ਇਹ ਰਵਾਇਤੀ ਪਾਰਟੀਆਂ ਵੇਲਾ ਵਿਹਾ ਚੁੱਕੀਆਂ ਹਨ ਤੇ ਇਨਕਲਾਬ ਦਾ ਅਜੰਡਾ ਛੱਡ ਚੁੱਕੀਆਂ ਹਨ।

ਖਾਲਸਤਾਨੀ ਤੇ ਹਕੂਮਤੀ ਦਹਿਸ਼ਤਗਰਦੀ ਦੇ ਦੌਰ ਦੌਰਾਨ ਉਨ੍ਹਾਂ ਵੱਲੋਂ ਸੀ. ਪੀ. ਆਈ, ਸੀ. ਪੀ. ਐਮ ਦੀ ਹਕੂਮਤ ਪੱਖੀ ਲੀਹ ਦੇ ਵਿਰੁੱਧ ਜਿਥੇ ਆਪਣੇ ਨਾਟਕਾਂ ਰਾਹੀਂ ਦੋਹਾਂ ਦਹਿਸ਼ਤਗਰਦੀਆਂ ਦਾ ਵਿਰੋਧ ਕੀਤਾ, ਉਥੇ ਪੰਜਾਬ 'ਚ ਇਸ ਕਾਲੇ ਦੌਰ 'ਚ ਇਨਕਲਾਬੀ ਧਿਰਾਂ ਵਲੋਂ ਵਿਢੀਆਂ ਜਨਤਕ ਸਰਗਰਮੀਆਂ ਦੀ ਵੀ ਅਗਵਾਈ ਕੀਤੀ। "ਹਿੱਟਲਿਸਟ ਨਾਟਕ ਐਨ ਅੱਤਵਾਦੀਆਂ ਦਾ ਗੜ੍ਹ ਬਣ ਚੁੱਕੇ ਦਰਬਾਰ ਸਾਹਿਬ ਦੇ ਗੇਟ ਮੂਹਰੇ ਕਰਨ ਦੀ ਜੁਰੱਅਤ ਭਾਅ ਜੀ ਗੁਰਸ਼ਰਨ ਸਿੰਘ ਦੇ ਹਿੱਸੇ ਹੀ ਆਈ ਹੈ। ਕਰਫਿਊ, ਬਾਬਾ ਬੋਲਦਾ ਹੈ, ਕੋਲਾਜ ਤੇਰਾ ਨਾਂ ਪੰਜਾਬ, ਸਧਾਰਣ ਲੋਕ, ਚੰਡੀਗੜ੍ਹ ਪੁਆੜੇ ਦੀ ਜੜ, ਮੈਂ ਉਗਰਵਾਦੀ ਨਹੀਂ ਹਾਂ, ਮੌਤ ਦਰ ਮੌਤ ਜਿਹੇ ਨਾਟਕਾਂ ਰਾਹੀ ਗੁਰਸ਼ਰਨ ਸਿੰਘ ਨੇ ਜਿਥੇ ਇਨ੍ਹਾਂ ਦਹਿਸ਼ਤਗਰਦੀਆਂ ਦਾ ਵਿਰੋਧ ਕੀਤਾ ਉਥੇ ਪੰਜਾਬ ਸਮੱਸਿਆ ਨੂੰ ਸਹੀ ਕਮਿਉਨਿਸਟ ਨਜਰੀਏ ਤੋਂ ਸਮਝਣ, ਸਮਝਾਉਣ ਦੀ ਵੀ ਸਫਲ ਕੋਸ਼ਿਸ ਕੀਤੀ। ਇਸ ਸਮੇਂ ਦੌਰਾਨ ਪੂਰੇ ਮਾਝਾ, ਦੁਆਬੇ ਇਲਾਕੇ 'ਚ ਲੰਬਾ ਚੇਤਨ ਮਾਰਚ ਕੱਢ ਕੇ ਆਮ ਜਨ ਸਧਾਰਣ ਨੂੰ ਇਸ ਕਾਲੇ ਦੌਰ 'ਚ ਪੰਜਾਬ ਸਮੱਸਿਆ ਦੇ ਅਸਲ ਕਾਰਣ ਸਮਝਾਉਣ ਦੀ ਵੀ ਸਫਲ ਕੋਸ਼ਿਸ ਹੋਈ। ਇਸ ਸਮੇਂ 1985 'ਚ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪੰਜਾਬ ਦੀਆਂ ਇਨਕਲਾਬੀ ਧਿਰਾਂ ਨੂੰ ਇੱਕ ਮੰਚ ਦੇ ਉਪਰ ਇੱਕਠਾ ਕਰਨ ਅਤੇ ਇਨਕਲਾਬੀ ਏਕਤਾ ਕੇਂਦਰ ਉਸਾਰਨ ਦਾ ਵੀ ਉਨ੍ਹਾਂ ਨੇ ਸਫਲ ਯਤਨ ਕੀਤਾ। ਬਕੋਲ ਆਤਮਜੀਤ ਇਸ ਸਮੇਂ ਤੱਕ ਭਾਵੇਂ ਉਸ ਵਾਸਤੇ ਸਮਾਜ ਪ੍ਰਮੁੱਖ ਹੋ ਗਿਆ ਸੀ ਤੇ ਥੀਏਟਰ ਦੂਜੈਲਾ ਫਿਰ ਵੀ ਪੰਜਾਬ ਸਮੱਸਿਆ ਨਾਲ ਜੁੜੇ ਨਾਟਕਾਂ ਦੀ ਲਹਿਰ ਨੇ ਉਸ ਦੀ ਨਾਟਕਕਾਰ ਦੇ ਰੂਪ ਵਿੱਚ ਪਛਾਣ ਨੂੰ ਵੀ ਪੀਡਾ ਕੀਤਾ। ਉਸ ਲਈ ਥੀਏਟਰ ਕੇਵਲ ਇੱਕ ਸਾਧਨ ਸੀ ਜਿਸ ਰਾਹੀਂ ਉਹ ਆਪਣੇ ਵਿਚਾਰਾਂ ਨੂੰ ਲੋਕਾਂ ਤੱਕ ਪੁਚਾਉਣਾ ਚਾਹੁੰਦਾ ਸੀ। ਨਿਸਚੈ ਹੀ ਗੁਰਸ਼ਰਨ ਸਿੰਘ ਦਾ ਕੰਮ ਪੰਜਾਬੀ ਦੇ ਸਮਾਂਨੰਤਰ ਨਾਟਕ ਅਤੇ ਸਮਾਜਕ ਚੇਤਨਾ ਵਾਸਤੇ ਕੀਤੇ ਯਤਨਾਂ ਦੀ ਸਰਵੋਤਮ ਮਿਸਾਲ ਹੈ।

"ਬਰਾਬਰੀ ਮੇਰੇ ਲਈ ਨਾਅਰਾ ਨਹੀ ਹੈ, ਮੇਰਾ ਅਕੀਦਾ ਹੈ, ਮਨੁੱਖਤਾ ਦਾ ਸੁਪਨਾ ਹੈ"। ਗੁਰਸਰਨ ਭਾਅ ਆਪਣੀ ਸਾਰੀ ਉਪਰ ਸਮਾਜਕ ਨਾਂ ਬਰਾਬਰੀ ਖਿਲਾਫ ਨਾਟਕਾਂ ਰਾਹੀਂ ਲੇਖਨੀ ਰਾਹੀਂ, ਸਹਿਤ ਪ੍ਰਕਾਸ਼ਨ ਸੰਸਥਾ ਬਲਰਾਜ ਸਾਹਨੀ ਘਰੇਲੂ ਪੁਸਤਕਾਲਿਯਾ, ਇਨਕਲਾਬੀ ਗੀਤ ਸੰਗੀਤ ਦੀਆ ਕੈਸਟਾਂ ਰਾਹੀਂ, ਪੰਜਾਬ ਭਰ 'ਚ ਯਾਦਗਰੀ ਨਾਟਕ ਮੇਲਿਆਂ ਵਿਚ ਪ: ਲ: ਸ: ਮੰਚ ਦੇ ਲੁਧਿਆਣਾ ਤੇ ਜਲੰਧਰ ਕਰਮਵਾਰ ਪਹਿਲੀ ਮਈ ਅਤੇ 25 ਜਨਵਰੀ ਦੀ ਰਾਤ, ਦਹਕਾ ਭਰ ਚਲਦੀ ਰਹੀ "ਸਮਤਾ ਅਤੇ ਸਾਹਿਤਕ ਪਤ੍ਰਿਕਾ ਸਰਦਲ" ਰਾਹੀਂ ਇਨਕਲਾਬੀ ਲਹਿਰ ਦੀ ਉਸਾਰੀ 'ਚ ਸਮਾਜਕ ਬਰਾਬਰੀ ਦੀ ਲਹਿਰ 'ਚ ਇਤਿਹਾਸਕ ਭੂਮਿਕਾ ਅਦਾ ਕਰਕੇ ਗਏ ਹਨ। ਸਮਾਜਕ ਬਰਾਬਰੀ ਦਾ ਉਨ੍ਹਾਂ ਦਾ ਇਹ ਸੰਕਲਪ ਗੁਰਸ਼ਰਨ ਸਿੰਘ ਦੀ ਮਾਰਕਸਵਾਈ ਚੇਤਨਾ ਦਾ ਪ੍ਰਤੀਕ ਹੈ, ਜਿਸ ਰਾਹੀ ਉਹ ਮਾਰਕਸ, ਲੈਨਿਨ ਦੇ ਸਮਾਜਵਾਦੀ ਸੰਕਲਪਾਂ ਨੂੰ ਆਪਣਾ ਅਕੀਦਾ ਬਣਾਉਦੇ ਹਨ। ਭਾਅ ਜੀ ਗੁਰਸ਼ਰਨ ਸਿੰਘ ਜਦੋ ਨਾਟਕ "ਟੋਆ ਖੇਡਦਾ ਹੈ, ਜਦੋਂ ਸਰਵਮੀਤ ਦੀ ਕਹਾਣੀ ਕਲਾਣ ਨੂੰ ਨਵਾਂ ਜਨਮ ਦੇ ਕੇ ਜਗੀਰੂ ਜਾਤ ਪ੍ਰਬੰਧ ਤੇ ਚੋਟ ਮਾਰਦਾ ਹੈ, ਜਦੋਂ ਨਾਟਕ ਹਵਾਈ ਗੋਲੇ ਤੇ ਜੰਗੀ ਰਾਮ ਦੀ ਹਵੇਲੀ ਰਾਹੀਂ ਉਹ ਬੁਰਜੂਆ ਪਾਰਲੀਮਾਨੀ ਪ੍ਰਬੰਧ ਦੀਆ ਧੱਜੀਆਂ ਉਡਾਉਂਦਾ ਹੈ, ਜਦੋਂ ਇਹ ਲਹੂ ਕਿਸਦਾ ਹੈ ਰਾਹੀਂ ਉਹ ਭਾਈ ਲਾਲੋਆਂ ਨੂੰ ਮਲਕ ਭਾਗੋਆਂ ਖਿਲਾਫ ਡੱਟਣ ਦਾ ਸੱਦਾ ਦਿੰਦਾ ਹੈ, ਜਦੋ ਨਾਟਕ ਇਨਕਲਾਬ ਜਿੰਦਾਬਾਦ ਰਾਹੀ ਉਹ ਆਪਣੇ ਸਮਾਜਵਾਦੀ ਸੰਕਲਪ ਨੂੰ ਜਰਬਾਂ ਦਿੰਦਾ ਹੈ ਤਾ ਇਹ ਜੋਕਾਂ ਤੇ ਲੋਕਾਂ ਦੀ ਟੱਕਰ ਧਮਕ ਨਗਾਰੇ ਰਾਹੀ ਅੱਜ ਦੇ ਦੁੱਲਾ ਭੱਟੀਆਂ ਨੂੰ ਵਿਵਸਥਾ ਨਾਲ ਟੱਕਰ ਜਾਣ ਅਤੇ ਮਿਟ ਜਾਣ ਦਾ ਸੱਦਾ ਦਿੰਦੀ ਹੈ। ਗੁਰਸ਼ਰਨ ਸਿੰਘ ਦੇ ਨਾਟਕ ਚ ਦੁਖਾਂਤ ਤੇ ਸੁਖਾਂਤ ਤਾਂ ਹੁੰਦੇ ਹਨ ਪਰ ਕਟਾਕਸ਼ ਯਾਨਿ ਵਿਅੰਗ ਉਸ ਦੇ ਬਹੁਤੇ ਨਾਟਕਾਂ ਦੀ ਜਿੰਦਜਾਨ ਹੈ। ਪੰਜਾਬ ਦੀਆ ਸਟੇਜਾਂ ਦਾ ਸਭ ਤੋ ਚਰਚਿਤ ਨਾਟਕ ਬੁੱਤ ਜਾਗ ਪਿਆ ਪਾਲੀ ਭੁਪਿੰਦਰ ਦੇ ਨਾਟਕ ਮੈਂ ਫਿਰ ਆਵਾਂਗਾਂ ਦਾ ਆਰੰਭ ਹੈ। ਇਸ ਵਿਅੰਗ ਨਾਟਕ ਨੇ ਹਾਕਮਾਂ ਦੇ ਦੰਭ ਨੂੰ ਲੀਰੋਲੀਰ ਕਰਦਿਆਂ ਅਸਲ ਚੇਹਰਾ ਲੋਕਾਂ ਸਾਹਮਣੇ ਲਿਆਂਦਾ। ਇੱਕ ਕੁਰਸੀ ਇੱਕ ਮੋਰਚਾ ਤੇ ਹਵਾ ਚ ਲਟਕਦੇ ਲੋਕ, ਨਾਟਕ ਨੂੰ ਉਸ ਸਮੇਂ ਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਦੇ ਸੱਤੀਂ ਕੱਪੜੇ ਅੱਗ ਲਾਈ ਸੀ। ਭੰਡ ਮਟਕਾ ਚੌਕ ਆਏ ਨੇ ਸੂਬੇ ਦੇ ਦੋਹਾ ਹਾਕਮਾਂ ਦੇ ਭੰਡ ਪੂਣੇ ਦਾ ਭਾਂਡਾ ਚੋਰਾਹੇ 'ਚ ਭੰਨ ਲੋਕ ਚੇਤਨਤਾ ਨੂੰ ਸਹੀ ਸੇਧ ਦੇਣ ਚ ਕਿਸੇ ਵੀ ਸਿਆਸੀ ਕਾਨਫਰੰਸ ਨਾਲੋਂ ਵੱਡਾ ਰੋਲ ਅਦਾ ਕੀਤਾ ਹੈ। ਤੰਦੂਰ, ਬੂਥੀਆਂ ਅਤੇ ਤਮਸਾ ਮੋਟਿਆਂ ਦਾ "ਸਿਆਸੀ ਵਿਂਅਗ ਦੀ ਸਿਖਰ ਸੀ। ਬੇਗਮੋ ਦੀ ਧੀ, ਸਰਪੰਚਣੀ ਨਾਟਕ ਔਰਤ ਵਰਗ ਦੇ ਬੰਦ ਖਲਾਸੀ ਲਈ ਸੰਘਰਸ਼ ਦਾ ਰਾਹ ਖੋਲਣ ਲਈ ਸਫਲ ਪ੍ਰੇਰਨਾ ਸੀ। ਜਦੋਂ ਭਾਅ ਗੁਰਸ਼ਰਨ ਸਿੰਘ ਨਾਟਕ ਸਮਾਜ ਜਾਂ ਚਾਦਨੀ ਚੌਕ ਤੋਂ ਸਰਹੰਦ ਤੱਕ ਖੇਡਦਾ ਹੈ ਤਾਂ ਉਹ ਮੱਧ ਵਰਗ ਦੀ ਦੋਗਲੀ ਅਤੇ ਤਮਾਸਬੀਨ ਮਾਨਸਿਕਤਾ ਤੇ ਗਹਿਰੀ ਚੋਟ ਕਰਦਾ ਹੈ ਭਾਅ ਗੁਰਸ਼ਰਨ ਸਿੰਘ ਨੇ ਜੋਗਿੰਦਰ ਬਾਹਰਲਾ ਅਤੇ ਤੇਰਾ ਸਿੰਘ ਚੰਨ ਦੀ ਇਪਟਾ ਲਹਿਰ ਤੋਂ ਬਾਅਦ ਜਦੋਂ ਜਗਮੋਹਣ ਜੋਸ਼ੀ ਦਾ ਹਮ ਜੰਗੇ ਅਵਾਮੀ ਸੇ ਕੋਹਰਾਮ ਮਚਾ ਦੇਗੇ ਜਾਂ ਮਸਾਲਾਂ ਬਾਲ ਕੇ ਚੱਲਣਾ, ਜਦੋਂ ਤੱਕ ਰਾਤ ਬਾਕੀ ਹੈ ਜਿਹੇ ਐਕਸ਼ਨ ਗੀਤ ਪੇਸ ਕੀਤੇ ਤਾਂ ਲੋਕ ਆਪ ਮੁਹਾਰੇ ਨਾਲੋਂ-ਨਾਲ ਵਹਿ ਤੁਰੇ। ਇਹ ਗੁਰਸ਼ਰਨ ਸਿੰਘ ਦੇ ਨਾਟਕਾਂ ਦੀ ਲੋਕਾਂ ਦੇ ਦਿਲਾਂ ਅੰਦਰ ਸਥਾਪਤੀ ਦਾ ਸੂਚਕ ਹੈ ਕਿ ਜਿਸ ਕਿਸੇ ਨੇ ਵੀ ਉਹਨਾਂ ਦੇ ਨਾਟਕ ਵੇਖੇ ਭਾਅ ਜੀ ਦੀ ਸਾਂਗ ਲਾ ਕੇ ਉਹੋ ਜਿਹਾ ਬਣਨ ਦੀ ਕੋਸਿਸ਼ ਕੀਤੀ। ਭਾਅ ਜੀ ਦੀ ਵਿਸ਼ੇਸ਼ ਸ਼ੈਲੀ ਨੇ ਉਹਨਾਂ ਦੀ ਲੋਕ ਦਿਲਾਂ ਅੰਦਰ ਕਿਸੇ ਖਾਸ ਨੁੱਕਰੇ ਵਿਸ਼ੇਸ਼ ਥਾਂ ਬਣਾ ਦਿੱਤੀ। ਭਾਈ ਮੰਨਾ ਸਿੰਘ ਦੀ ਲੋਕ ਪ੍ਰਤੀਨਿਧਤਾ ਨੇ ਉਹਨਾਂ ਨੂੰ ਲੋਕਾਂ ਨਾਲ ਇੱਕ ਮਿੱਕ ਕਰ ਦਿੱਤਾ।

ਇਹ ਹਾਸਲ ਸ਼ਾਇਦ ਦੁਨੀਆਂ 'ਚ ਗੁਰਸ਼ਰਨ ਸਿੰਘ ਦੇ ਹਿੱਸੇ ਹੀ ਆਇਆ ਹੈ ਕਿ ਇੱਕ ਇੱਕ ਦਿਨ 'ਚ ਤਿੰਨ ਤਿੰਨ ਥਾਵਾਂ ਤੇ ਨਾਟਕ। ਸਾਰਾ ਦਿਨ,

# ਭਾਅ ਜੀ ਹਰੇਕ ਦੇ ਦਿਲ ਦੀ ਧੜਕਨ ਬਣੇ ਰਹਿਣਗੇ

**- ਹਰਬੰਸ ਸਿੰਘ, ਦਵਿੰਦਰ ਤੂਰ**

ਗੁਰਸ਼ਰਨ ਭਾਅ ਜੀ ਅਜਿਹੀ ਮੁੱਲਵਾਨ ਸ਼ਖਸੀਅਤ ਸੀ ਜਿਸ ਨੇ ਪੰਜਾਬੀ ਸਾਹਿਤ, ਸਭਿਆਚਾਰ, ਕਲਾਵਾਂ ਤੇ ਰਾਜਨੀਤੀ ਦੇ ਹਰੇਕ ਖੇਤਰ ਦੇ ਕਰਿੰਦੇ ਨੂੰ ਆਪਣੇ ਕਲਾਵੇ ਵਿਚ ਲਿਆ ਹੋਇਆ ਸੀ। ਗੁਰਸ਼ਰਨ ਸਿੰਘ ਦੀ ਸਮੁੱਚੀ ਜੀਵਨ ਯਾਤਰਾ ਦੇ ਹਰੇਕ ਪਹਿਲੂ ਨੂੰ ਜਦੋਂ ਲਗਾਤਾਰਤਾ ਵਿਚ ਦੇਖਿਆ ਜਾਂਦਾ ਹੈ ਤਾਂ ਪਿਛਲੇ 50 ਸਾਲਾਂ 'ਚ ਜੋ ਕੁਝ ਪੰਜਾਬ ਦੀ ਜਰਖੇਜ਼ ਭੋਇੰ ਵਿਚ ਕਿਸੇ ਵੀ ਕਿਸਮ ਦਾ ਮਾੜਾ ਪਹਿਲੂ ਸਭਿਆਚਾਰ, ਰਾਜਨੀਤੀ ਅਤੇ ਆਰਥਿਕਤਾ ਵਿਚ ਉਪਜਿਆ ਹੈ ਉਸ ਪਹਿਲੂ ਨੂੰ ਗੁਰਸ਼ਰਨ ਸਿੰਘ ਨੇ ਇਕ ਬਤੌਰ ਜਮਹੂਰੀਅਤ ਪਸੰਦ ਇਨਸਾਨ, ਇਕ ਪ੍ਰਤੀਬੱਧ ਸਮਾਜਵਾਦੀ ਅਤੇ ਕਮਿਊਨਿਸਟ ਦੇ ਤੌਰ 'ਤੇ ਉਸ ਦੀ ਆਲੋਚਨਾ ਕੀਤੀ ਅਤੇ ਸਮੁੱਚੇ ਸਮਾਜ ਨੂੰ ਇਕ ਲੋਕ ਪੱਖੀ ਸੋਚ ਨਾਲ ਲੈਸ ਕਰਨ ਦੀ ਕੋਸ਼ਿਸ਼ ਕੀਤੀ। ਗੁਰਸ਼ਰਨ ਭਾਅ ਜੀ ਦੁਨੀਆ ਦੇ ਉਨ੍ਹਾਂ ਗਿਣਤੀ ਦੇ ਕ੍ਰਾਂਤੀਕਾਰੀਆਂ ਵਿਚ ਆਪਣਾ ਨਾਂ ਦਰਜ ਕਰਵਾ ਗਏ ਹਨ ਜਿਨ੍ਹਾਂ ਨੇ ਆਪਣੇ ਸੁੱਖ ਆਰਾਮ ਪਰੇ ਵਗਾ ਮਾਰੇ ਸਨ ਅਤੇ ਆਪਣਾ ਹਰੇਕ ਪੱਲ ਲੋਕਾਂ ਦੀ ਮੁਕਤੀ ਲਈ ਅਰਪਿਤ ਕੀਤਾ।

ਸਾਰੀ ਰਾਤ ਚੱਲ ਸੋ ਚੱਲ-ਲੋਕ ਕਹਿੰਦੇ ਇਹ ਬੰਦਾ ਐ ਕਿ ਅਲਾਦੀਨ। ਇਹ ਬਾਬਾ ਜਿਹੜਾ ਕਦੇ ਪੰਜਾਬ ਦੇ ਦੂਰ ਦੁਰਾਡੇ ਪਿੰਡਾਂ 'ਚ ਹਰਭਜਨ ਜੱਬਲ, ਜਤਿੰਦਰ ਕੌਰ, ਬਲਵਿੰਦਰ ਭਾਰਤੀ, ਕ੍ਰਿਸਨ ਦਵੇਸਰ ਤੇ ਫਿਰ ਕੇਵਲ ਧਾਲੀਵਾਲ, ਸਾਹਿਬ ਸਿੰਘ, ਸੁਖਦੇਵ ਪ੍ਰੀਤ, ਅਨੀਤਾ, ਗੁਰਪ੍ਰੀਤ, ਹਰਕੇਸ ਚੌਧਰੀ, ਸੁਰਿੰਦਰ ਸਰਮਾ, ਜਿਹੇ ਕਲਾਕਾਰਾਂ ਸੰਗ ਬੱਸਾਂ 'ਚ ਸਫਰ ਕਰ ਪਿੰਡ ਪਿੰਡ ਬਰਾਬਰੀ ਵਾਲੇ ਸਮਾਜ ਦਾ ਹੋਕਾ ਦਿੰਦਾ ਰਿਹਾ ਉਹ ਆਪਣੇ ਅੰਤਲੇ ਸਮਿਆਂ ਤੱਕ ਵੀਲ ਚੇਅਰ ਤੇ ਵੀ ਨਾਟਕ ਕਰਨ ਜਾਂਦਾ ਰਿਹਾ। ਉਸ ਨੇ ਕਈ ਚਮਤਕਾਰੀ ਨਾਟਕ ਸਫਰ ਦੌਰਾਨ ਸਿਰਜੇ, ਕਈਆਂ ਦੀ ਤਾਂ ਸਕਰਿਪਟ ਵੀ ਨਹੀ ਬਣਾਈ, ਕਲਾਕਾਰਾ ਨੂੰ ਸਿੱਧਿਆਂ ਚੇਤੇ ਕਰਵਾਈ। ਉਸ ਦੇ ਨਾਲ ਰਹੇ ਕਲਾਕਾਰਾਂ ਨੇ ਭਾਅ ਦੀਆਂ ਝਿੜਕਾਂ ਵੀ ਖਾਧੀਆਂ ਤੇ ਕਈਆਂ ਨੇ ਕੁੱਟ ਵੀ। ਪਰ ਉਹ ਕਰੁੰਬਲਾ ਨਿਰੀਆਂ ਤਿੱਖੀਆਂ ਛੁਰੀਆਂ ਬਣ ਅੱਜ ਸੈਂਕੜਿਆਂ ਦੀ ਗਿਣਤੀ 'ਚ ਭਾਅ ਜੀ ਦੀ ਲੋਕ ਕਲਾ ਦਾ ਝੰਡਾ ਬੁਲੰਦ ਰੱਖ ਰਹੀਆਂ ਹਨ। ਸਾਥੀ ਕਲਾਕਾਰ ਦੱਸਦੇ ਹਨ ਕਿ ਜੇਕਰ ਕਦੇ ਕਿਸੇ ਨਾਟਕ ਚ ਕਲਾਕਾਰ ਨਾ ਪੁੱਜਣਾ ਤਾਂ ਉਹ ਕਿਰਦਾਰ ਭਾਅ ਨੇ ਦਰਸ਼ਕਾਂ ਨੂੰ ਸੰਬੋਧਤ ਹੋ ਕਿ ਖੁਦ ਨਿਭਾਉਣਾ ਕਿ ਹੁਣ ਤੁਸੀਂ ਮੈਨੂੰ ਦੁੱਲੇ ਦੀ ਮਾਂ ਲੱਧੀ ਸਮਝਣਾ ਤੇ ਲੋਕ ਉਵੇਂ ਹੀ ਸਮਝਣ ਲੱਗ ਪੈਂਦੇ ਸਨ। ਸਾਥੀ ਕਲਾਕਾਰ ਦੀ ਟਿੱਪਣੀ ਸੀ ਕਿ ਅਜਿਹਾ ਉਸ ਮਹਾਨ ਸ਼ਖਸੀਅਤ ਦੀ ਇਮਾਨਦਾਰੀ ਅਤੇ ਕਾਰਜ ਪ੍ਰਤੀ ਸਮਰਪਨ ਕਰਕੇ ਹੀ ਸੀ ਕਿ ਲੋਕ ਮਗਰ ਮਗਰ ਵਹਿ ਤੁਰਦੇ ਸਨ। ਨਾਟਕਾਂ 'ਚ ਵੀ ਤੇ ਸੰਘਰਸ਼ਾਂ 'ਚ ਵੀ। ਇਹ ਮਾਣ ਵੀ ਗੁਰਸ਼ਰਨ ਭਾਅ ਨੂੰ ਹੀ ਜਾਂਦਾ ਹੈ ਕਿ ਪੰਜਾਬ ਭਰ 'ਚ ਉਹਨਾਂ ਵੱਲੋ ਪੈਦਾ ਕੀਤੀਆਂ ਦਰਜਨਾਂ ਨਾਟਕ ਤੇ ਗੀਤ ਸੰਗੀਤ ਟੀਮਾਂ ਨਾਟਕ ਭਾਵੇਂ ਕਿਸੇ ਵੀ ਨਾਟਕਕਾਰ ਦਾ ਲਿਖਿਆ ਕਰਨ ਪਰ ਕਲਾ ਲੋਕਾ ਲਈ ਦੇ ਰੰਗ ਮੰਚ ਤੇ ਉਹਨਾਂ ਸਭਨਾਂ ਦਾ ਆਦਰਸ ਗੁਰਸ਼ਰਨ ਸਿੰਘ ਹੀ ਹੈ। ਹਰ ਕੋਈ ਭਾਅ ਦੇ ਗੋਡਿਆ ਨੂੰ ਹੱਥ ਲਾ ਜੀਵਨ ਸਫਲਾ ਮੰਨਦਾ ਸੀ। ਭਾਵੇ ਕੁਝ ਕੁ ਗਿਣਤੀ ਦੇ ਕਲਾਕਾਰਾਂ ਨੇ ਨਾਟਕ ਨੂੰ ਰੋਜੀ ਰੋਟੀ ਤੇ ਸ਼ਾਹਾਨਾ ਜ਼ਿੰਦਗੀ ਦਾ ਜਰੀਆ ਵੀ ਬਣਾ ਲਿਆ ਹੈ ਪਰ ਬਹੁ ਗਿਣਤੀ ਨਾਟ ਟੋਲੀਆਂ ਅਤੇ ਕਲਾਕਾਰ ਅੱਜ ਵੀ ਭਾਅ ਦੀ ਜੀਵਨ ਜਾਂਚ ਨੂੰ ਆਪਣਾ ਆਦਰਸ ਮੰਨ ਕੇ ਚਲਦੇ ਹਨ।

ਨਕਸਲਬਾੜੀ ਲਹਿਰ ਦੀ ਉਤਪੱਤੀ ਤੋਂ ਲੈ ਕੇ ਆਪਣੀ ਅੰਤਲੇ ਸਾਹਾ ਤੱਕ ਭਾਵੇ ਕੁੱਝ ਗੇੜ ਅਜਿਹੇ ਵੀ ਆਏ ਕਿ ਭਾਅ ਸੱਜੀ ਖੱਬੀ ਰਾਜਨੀਤੀ ਦੇ ਵਹਾਅ ਚ ਵਹਿੰਦੇ ਵਹਿੰਦੇ ਮੁੜ ਆਏ। ਸੱਜੇ ਖੱਬਿਆਂ ਨਾਲ ਏਕਤਾ, ਸੀ. ਪੀ. ਐਮ. ਦੇ ਚੰਡੀਗੜ੍ਹ ਕੌਮੀ ਅਜਲਾਸ ਦੇ ਸਭਿਆਚਾਰਕ ਵਿੰਗ ਦੀ ਅਗਵਾਈ ਪਰ ਭਾਅ ਦੀ ਸਾਦਮੁਰਾਦੀ ਅਤੇ ਫਰੇਬ ਰਹਿਤ ਸੋਚਣੀ ਹਮੇਸ਼ਾ ਦਲੀਲ ਦੀ ਮੁਤਾਸਿਰ ਰਹੀ ਹੈ। ਬਹਿਸਾਂ ਵਿਚਾਰਾ 'ਚ ਗਰਮਾ ਗਰਮੀ ਕੁਦਰਤੀ ਸੀ ਪਰ ਭਾਅ ਨੇ ਅਸੂਲ ਤੇ ਸਿਧਾਤਾਂ ਦੇ ਪੱਧਰ ਤੇ ਸਮਝਦਾਰੀ 'ਚ ਆਏ ਵਿੰਗੇ ਰੁਝਾਨਾਂ ਨੂੰ ਤੱਤਪਰਤਾ ਨਾਲ ਬਿਨਾਂ ਦੇਰੀ ਲਾਇਆ ਸਿੱਧਿਆਂ ਕਰ ਲਿਆ। ਇਨਕਲਾਬੀ ਏਕਤਾ ਕੇਂਦਰ ਪੰਜਾਬ ਅਤੇ ਪੰਜਾਬ ਲੋਕ ਸਭਿਆਚਰਕ ਮੰਚ ਦੀ ਸਥਾਪਨਾ ਤੋਂ ਲੈ ਕੇ ਅੱਜ ਤੱਕ ਦੇ ਕੁੱਲ ਅਮਲ ਦੌਰਾਨ ਦੋਹਾਂ ਸੰਸਥਾਵਾ ਦੀ ਅਗਵਾਈ ਕਰਦਿਆਂ ਸੱਚ ਮੁੱਚ ਆਗੂ ਰੋਲ ਅਦਾ ਕੀਤਾ ਹੈ। ਸਤਰਵਿਆਂ ਤੋ ਲੈ ਕੇ ਹੁਣ ਤੱਕ ਦੇ ਸਮੁੱਚੇ ਜੀਵਨ ਵਿਕਾਸ ਨੇ ਗੁਰਸ਼ਰਨ ਸਿੰਘ ਨੂੰ ਸਫਲ ਇਨਸਾਨ, ਪ੍ਰਤੀਬੱਧ ਇਨਕਲਾਬੀ, ਸੱਚਾ ਸੁੱਚਾ ਕਮਿਉਨਿਸਟ, ਲੋਕ ਮੁਕਤੀ ਲਹਿਰ ਦਾ ਨਾਇਕ ਇਨਕਲਾਬੀ ਲਹਿਰ ਦੀ ਏਕਤਾ ਦਾ ਸਿਰਜਕ, ਪਹਿਰੇਦਾਰ, ਅਤੇ ਮਜਬੂਤ ਪਰਚਾਰਕ ਵਜੋ ਲੋਕ ਮਨਾਂ 'ਚ, ਸੰਘਰਸਸੀਲ ਲੋਕਾਂ ਦੇ ਦਿਲਾਂ 'ਚ ਸਥਾਪਤ ਕੀਤਾ ਹੈ।

ਸਮਾਜਿਕ ਬਰਾਬਰੀ ਦੇ ਜਿਸ ਸੱਚੇ ਸੁੱਚੇ ਉਦੇਸ਼ ਨੂੰ ਲੈ ਕੇ ਉਸ ਨੇ ਜੀਵਨ ਭਰ ਸੰਘਰਸ਼ ਕੀਤਾ ਆਸ ਹੈ ਉਸ ਸੰਘਰਸ਼ ਨੂੰ, ਉਸ ਮਿਹਨਤ ਨੂੰ, ਉਸ ਤਿਆਗ ਨੂੰ, ਉਸ ਅਡੋਲ ਨਿਹਚੇ ਨੂੰ ਜੇਕਰ ਉਸ ਦੇ ਲਾਏ ਬੂਟੇ ਜੀਵਨ ਆਦਰਸ਼ ਬਣਾਉਣਗੇ ਤਾਂ ਭਵਿੱਖ ਉਜਲਾ ਹੋਵੇਗਾ। ਜੇ ਪੰਜਾਬ ਦੀ ਇਨਕਲਾਬੀ ਲਹਿਰ ਫੋਰੀ ਫਾਇਦਿਆਂ, ਤੰਗ ਨਜ਼ਰ ਗਰੁੱਪ ਸੋਚ, ਮੁਕਾਬਲੇ ਬਾਜੀ ਤੇ ਈਰਖਾ ਦਾ ਸ਼ਿਕਾਰ ਰਹੇਗੀ ਤਾਂ ਇਹ ਗੁਰਸ਼ਰਨ ਭਾਅ ਦੇ ਸੁਪਨਿਆਂ ਨਾਲ ਡਾਢਾ ਧਰੋਹ ਹੋਵੇਗਾ। ਜੇ ਲੋਕ ਮੁਕਤੀ ਲਹਿਰ ਲਈ ਜ਼ਿੰਦਗੀ ਸਮਰਪਤ ਕਰਕੇ ਕਮਾਇਆ ਇਨਕਲਾਬੀ ਲਹਿਰ ਦੀ ਏਕਤਾ ਦਾ ਮਕਸਦ ਸਾਰੇ ਹੀ ਇਨਕਲਾਬੀਆਂ ਨੇ ਇਮਾਨਦਾਰੀ ਨਾਲ ਨਾ ਸਾਭਿਆਂ ਤਾਂ ਬਾਬੇ ਨਾਨਕ ਵਾਂਗ ਬਾਬਾ ਵੀ ਚਾਦਰ ਹੇਠੋ ਨਿਕਲ ਜਾਵੇਗਾ ਤੇ ਫਿਰ ਬਾਬਾ ਕਦੇ ਨਹੀਂ ਬੋਲੇਗਾ, ਬਾਬਾ ਰੁੱਸ ਜਾਵੇਗਾ। ਸਾਰੀ ਉਮਰ ਬਾਬਾ ਬੋਲਦਾ ਰਿਹਾ, ਚੀਖਦਾ ਰਿਹਾ, ਦਹਾੜਦਾ ਰਿਹਾ, ਵਿਵਸਥਾ ਨੂੰ ਲਲਕਾਰਦਾ ਰਿਹਾ। ਮਰਦੇ ਦਮ ਤੱਕ ਉਸ ਦੀਆ ਅੱਖਾਂ ਵਿੱਚ ਚਮਕ, ਸੋਹਣੇ ਸਵੇਰੇ ਦੀ ਤੜਪ, ਜਿਉਣ ਜੋਗੇ ਸਮਾਜ ਦੀ ਕਾਮਨਾ ਕਾਇਮ ਸੀ ਤੇ ਉਸ ਦੀ ਇਹ ਚਮਕ, ਤੜਪ, ਤੇ ਕਾਮਨਾ ਇਸ ਕਰਕੇ ਕਾਇਮ ਸੀ ਕਿਉਂਕਿ ਉਸ ਨੂੰ ਦੇਸ਼ ਦੀ ਇਨਕਲਾਬੀ ਕਮਿਉਨਿਸਟ ਲਹਿਰ 'ਤੇ ਮਾਣ ਸੀ। ਇਸੇ ਲਈ ਉਹ ਬੇਝਿਜਕ, ਬੇਖੋਫ "ਐਲਾਨ ਕਰਦਾ ਸੀ ਮੈਂ ਕਮਿਉਨਿਸਟ ਹਾਂ। ਝੂਠੇ ਪੁਲਿਸ ਮੁਕਾਬਲਿਆਂ, ਹਾਕਮਾਂ ਦੇ ਫਰੇਬਾਂ, ਅਪਰੇਸ਼ਨ ਗਰੀਨ ਹੰਟ, ਨਵ ਉਦਾਰਵਾਦੀ ਨੀਤੀਆਂ ਖਿਲਾਫ ਬੋਲਣ ਤੇ ਜੂਝਣ ਵਾਲਾ ਕਮਿਉਨਿਸਟ। ਤਾਂਹੀ ਤਾਂ ਉਸ ਨੇ ਕਿਹਾ ਸੀ "ਆਜ਼ਾਦੀ ਸਾਡੀ ਵਿਰਾਸਤ ਹੈ, ਸਮਾਜਵਾਦ ਲਈ ਸੰਘਰਸ਼ ਸਾਡੀ ਸਿਆਸਤ ਹੈ, ਕ੍ਰਾਂਤੀ ਸਾਡੀ ਇਬਾਦਤ ਹੈ।" ਲੋਕ ਕ੍ਰਾਂਤੀ ਦੇ ਇਸ ਸੱਚੇ ਸੁੱਚੇ ਨਾਇਕ ਦੀ ਇਬਾਦਤ ਨੂੰ ਆਉ ਆਪਣੀ ਇਬਾਦਤ ਬਣਾਇਏ।

**Head Office**
Pro-People Arts Project Media Group
SAROKARAN DI AWAZ
29 MAPLEVIWE AVE
BRAMPTON ONTARIO
CANADA L6R 1M2
416-902-9372
416-817-7142
416-895-4100
E-Mail : ppapmg@gmail.com
Website www.ppapmg.com

ਸੰਪਾਦਕ ਮੰਡਲ
(ਆਨਰੇਰੀ)
ਦਵਿੰਦਰ ਤੂਰ
ਹਰਬੰਸ ਸਿੰਘ
ਸੁਖਵਿੰਦਰ ਸਿੰਘ ਢਿੱਲੋਂ
ਜਸਪ੍ਰੀਤ ਧਾਲੀਵਾਲ
ਸੁਖਦੇਵ ਸਿੰਘ ਸੰਧੂ
ਮਾਸਟਰ ਬਲਬੀਰ ਸਿੰਘ ਗਿੱਲ